Waheguru Ji Ka Khalsa,
Waheguru Ji Ki Fateh

Today's Hukamnama *Tuesday 29-09-2026*

ਸੋਰਠਿ ਮਹਲਾ ੫ ॥

Sorat'h, Fifth Mehl:

ਸੋਰਠਿ ਪੰਜਵੀਂ ਪਾਤਿਸ਼ਾਹੀ।

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥

He is imperishable, the Giver of all beings; meditating on Him, all filth is removed.

ਸੁਆਮੀ ਕਾਲ-ਰਹਿਤ ਅਤੇ ਜੀਵਾਂ ਦਾ ਦਾਤਾਰ ਹੈ। ਉਸ ਦਾ ਆਰਾਧਨ ਕਰਨ ਦੁਆਰਾ, ਸਾਰੀ ਮੈਲ ਉਤਰ ਜਾਂਦੀ ਹੈ।

ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥

He is the treasure of excellence, the object of His devotees, but rare are those who find Him. ||1||

ਨੇਕੀ ਦਾ ਖਜਾਨਾ ਸੁਆਮੀ ਸਾਧੂਆਂ ਦੀ ਪੂੰਜੀ ਹੈ, ਪ੍ਰੰਤੂ ਕੋਈ ਟਾਵਾਂ ਟੱਲਾ ਹੀ ਉਸ ਨੂੰ ਪ੍ਰਾਪਤ ਕਰਦਾ ਹੈ।

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥

O my mind, meditate on the Guru, and God, the Cherisher of the world.

ਹੇ ਮੇਰੀ ਜਿੰਦੜੀਏ! ਤੂੰ ਉਸ ਵੱਡੇ ਸ੍ਰਿਸ਼ਟੀ ਦੇ ਪਾਲਣ-ਪੋਸਣਹਾਰ ਸੁਆਮੀ ਦਾ ਸਿਮਰਨ ਕਰ।

ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥

Seeking His Sanctuary, one finds peace, and he shall not suffer in pain again. ||1||Pause||

ਜਿਸ ਦੀ ਪਨਾਹ ਲੈਣ ਨਾਲ ਆਦਮੀ ਆਰਾਮ ਪਾਉਂਦਾ ਹੈ ਅਤੇ ਮੁੜ ਕੇ ਉਸ ਨੂੰ ਕੋਈ ਤਕਲੀਫ ਨਹੀਂ ਹੁੰਦੀ। ਠਹਿਰਾਉ।

ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥

By great good fortune, one obtains the Saadh Sangat, the Company of the Holy.

Meeting them, evil-mindedness is eliminated.

ਚੰਗੇ ਨਸੀਬਾਂ ਰਾਹੀਂ ਸਤਿਸੰਗਤ ਹਾਸਲ ਹੁੰਦੀ ਹੈ, ਜਿਸ ਨਾਲ ਮਿਲ ਕੇ ਖੋਟੀ ਅਕਲ ਦੂਰ ਹੋ ਜਾਂਦੀ ਹੈ।

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥

Slave Nanak yearns for the dust of the feet of those,

who have woven the Lord's Name into their hearts. ||2||5||33||

ਗੋਲਾ ਨਾਨਕ, ਉਨ੍ਹਾਂ ਦੇ ਪੈਰਾਂ ਦੀ ਧੂੜ ਦੀ ਚਾਹਨਾ ਕਰਦਾ ਹੈ, ਜਿਨ੍ਹਾਂ ਨੇ ਸੁਆਮੀ ਦਾ ਨਾਮ ਆਪਣੇ ਦਿਲ ਵਿੱਚ ਗੁੰਥਨ ਕੀਤਾ ਹੈ।

ਅੰਗ ੬੧੨